BabySteps

BabySteps Generation New Era ਅਧਿਐਨ ਵਿੱਚ ਹਿੱਸਾ ਲੈਣ ਵਾਲੇ ਪਰਿਵਾਰਾਂ ਲਈ **ਇੱਕ ਮੁਫ਼ਤ ਸਮਾਰਟਫ਼ੋਨ ਐਪ** ਹੈ। ਲੰਬਾ ਇੰਟਰਵਿਊ ਪੂਰਾ ਕਰਨ ਵਾਲੇ ਮਾਪਿਆਂ ਨੂੰ BabySteps ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਵੇਗਾ। ਇਸ ਐਪ ਨਾਲ ਤੁਸੀਂ:

- ਹਰ ਮਹੀਨੇ ਛੋਟੀਆਂ ਖੋਜ ਗਤੀਵਿਧੀਆਂ ਵਿੱਚ ਹਿੱਸਾ ਲੈ ਸਕਦੇ ਹੋ
- ਈ-ਵਾਊਚਰਾਂ ਲਈ **ਪੁਆਇੰਟ ਪ੍ਰਾਪਤ ਕਰ ਸਕਦੇ ਹੋ:**
  5 ਟਾਸਕ ਪੂਰੇ ਕਰਨ ਤੇ=**£5**
- ਆਪਣੇ ਬੱਚੇ ਦੇ ਵਿਕਾਸ ਦੇ ਪੜਾਵਾਂ ਦਾ ਟਰੈਕ ਰੱਖ ਸਕਦੇ ਹੋ,
- ਖਾਸ ਯਾਦਾਂ ਨੂੰ ਸੰਭਾਲ ਸਕਦੇ ਹੋ,
- ਬੱਚੇ ਦੇ ਵਿਕਾਸ ਬਾਰੇ ਛੋਟੇ, ਭਰੋਸੇਯੋਗ ਲੇਖ ਪੜ੍ਹ ਸਕਦੇ ਹੋ,
- ਅਧਿਐਨ ਟੀਮ ਨਾਲ ਸੰਪਰਕ ਵਿੱਚ ਰਹਿ ਸਕਦੇ ਹੋ।



BabySteps ਵਿੱਚ ਸ਼ਾਮਲ ਹੋ ਕੇ, ਤੁਸੀਂ ਖੋਜਕਰਤਾਵਾਂ ਨੂੰ ਇਹ ਨਵੀਆਂ ਖੋਜਾਂ ਕਰਨ ਵਿੱਚ ਮਦਦ ਕਰਦੇ ਹੋ ਕਿ ਬੱਚੇ ਕਿਵੇਂ ਵੱਡੇ ਹੁੰਦੇ ਹਨ ਅਤੇ ਵਧਦੇ-ਫੁੱਲਦੇ ਹਨ। ਇਹ ਸਾਡੇ ਦੁਆਰਾ ਇਕੱਠੀ ਕੀਤੀ ਜਾਣਕਾਰੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਹੋਰ ਵੀ ਕੀਮਤੀ ਬਣਾਉਣ ਦਾ ਇੱਕ ਆਸਾਨ ਤਰੀਕਾ ਹੈ।

ਤੁਹਾਡੀ ਪ੍ਰਾਈਵੇਸੀ ਮਹੱਤਵਪੂਰਨ ਹੈ

ਤੁਹਾਡੀ ਐਪ ਜਾਣਕਾਰੀ:

- **ਸੁਰੱਖਿਅਤ ਅਤੇ ਗੁਪਤ** ਰੱਖੀ ਜਾਂਦੀ ਹੈ,
- ਇਸ਼ਤਿਹਾਰ ਦੇਣ ਵਾਲਿਆਂ ਨਾਲ **ਕਦੇ ਵੀ ਸਾਂਝੀ ਨਹੀਂ ਕੀਤੀ ਜਾਂਦੀ**,
- ਤੁਹਾਡੀ ਲੋਕੇਸ਼ਨ ਟਰੈਕ ਕਰਨ ਲਈ **ਨਹੀਂ ਵਰਤੀ ਜਾਂਦੀ**
  ਤੁਸੀਂ ਸਾਡਾ ਪ੍ਰਾਈਵੇਸੀ ਨੋਟਿਸ gnestudy.info/privacy 'ਤੇ ਅਤੇ ਐਪ ਦੇ 'About' ਸੈਕਸ਼ਨ ਵਿੱਚ ਦੇਖ ਸਕਦੇ ਹੋ।

ਸ਼ੁਰੂਆਤ ਕਿਵੇਂ ਕਰੀਏ

ਤੁਸੀਂ ਇਸਦੇ ਸੁਆਗਤੀ ਪੰਨਿਆਂ ਨੂੰ ਦੇਖਣ ਲਈ ਕਿਸੇ ਵੀ ਸਮੇਂ ਐਪ ਡਾਊਨਲੋਡ ਕਰ ਸਕਦੇ ਹੋ। ਆਪਣੇ ਇੰਟਰਵਿਊ ਦੌਰਾਨ, ਪੂਰੀ ਤਰ੍ਹਾਂ ਸੈੱਟ-ਅੱਪ ਕਰਨ ਲਈ ਤੁਹਾਨੂੰ ਇੱਕ *ਵਿਲੱਖਣ ਲੌਗਇਨ ਕੋਡ* ਮਿਲੇਗਾ (ਜਿਸ ਨੂੰ ਹੇਠਾਂ ਲਿਖਿਆ ਜਾ ਸਕਦਾ ਹੈ)।

1. ਐਪ ਡਾਊਨਲੋਡ ਕਰੋ

QR ਕੋਡ ਸਕੈਨ ਕਰੋ ਜਾਂ **"Generation New Era BabySteps"** ਖੋਜੋ
App Store ਜਾਂ Google Play ਵਿੱਚ

2. **BabySteps ਵਿੱਚ ਸ਼ਾਮਲ ਹੋਵੋ** ਐਪ ਖੋਲ੍ਹੋ ਅਤੇ **"Join BabySteps"** 'ਤੇ ਟੈਪ ਕਰੋ।

3. **ਸਹਿਮਤੀ ਦਿਓ** ਪੁਸ਼ਟੀ ਕਰੋ ਕਿ ਤੁਸੀਂ ਹਿੱਸਾ ਲੈ ਕੇ ਖੁਸ਼ ਹੋ, ਆਪਣੇ ਦਸਤਖਤ ਜੋੜੋ ਅਤੇ **Done** 'ਤੇ ਟੈਪ ਕਰੋ।

4. **ਆਪਣਾ ਖਾਤਾ ਸੈੱਟ ਅੱਪ ਕਰੋ** ਤੁਹਾਡੇ ਤੋਂ ਮੰਗਿਆ ਜਾਵੇਗਾ:

- ਤੁਹਾਡਾ **ਵਿਲੱਖਣ ਲੌਗਇਨ ਕੋਡ** (ਤੁਹਾਡੇ ਇੰਟਰਵਿਊ ਤੋਂ) _ _ _ _ _ _ _ _
- ਤੁਹਾਡਾ **ਈਮੇਲ ਪਤਾ**, ਇੱਕ **ਪਾਸਵਰਡ**, ਅਤੇ ਤੁਹਾਡੇ ਅਤੇ ਤੁਹਾਡੇ ਬੱਚੇ ਜਾਂ ਜੇਕਰ ਜੁੜਵਾਂ ਜਾਂ ਜ਼ਿਆਦਾ ਬੱਚੇ ਹਨ ਤਾਂ ਉਹਨਾਂ ਬਾਰੇ ਕੁਝ **ਸਾਧਾਰਨ ਵੇਰਵੇ**

ਸ਼ਾਮਲ ਹੋਣ 'ਤੇ ਤੁਹਾਨੂੰ **2 ਰਿਵਾਰਡ ਪੁਆਇੰਟ** ਮਿਲਣਗੇ।

ਅੱਪਡੇਟ ਪ੍ਰਾਪਤ ਕਰਦੇ ਰਹੋ

ਐਪ ਨੋਟੀਫਿਕੇਸ਼ਨਾਂ ਨੂੰ ਆਨ ਰੱਖੋ ਤਾਂ ਜੋ ਤੁਹਾਨੂੰ ਪਤਾ ਲੱਗ ਸਕੇ ਕਿ ਨਵੀਂਆਂ ਖੋਜ ਗਤੀਵਿਧੀਆਂ ਅਤੇ ਇਨਾਮ ਕਦੋਂ ਉਪਲਬਧ ਹਨ। ਤੁਸੀਂ ਆਪਣੇ ਫ਼ੋਨ ਦੀਆਂ ਸੈਟਿੰਗਾਂ ਵਿੱਚ ਇਸਨੂੰ ਕਿਸੇ ਵੀ ਸਮੇਂ ਬਦਲ ਸਕਦੇ ਹੋ।

ਮਦਦ ਦੀ ਲੋੜ ਹੈ?

ਵੈੱਬਸਾਈਟ 'ਤੇ, ਐਪ ਵਿੱਚ **ਸਵਾਲ-ਜਵਾਬ** ਦੇਖੋ ਜਾਂ ਅਧਿਐਨ ਟੀਮ ਨਾਲ ਸੰਪਰਕ ਕਰੋ:

ਈਮੇਲ:gnestudy@ipsos.com **ਫ਼ੋਨ:** 0800 151 0610
ਵੈੱਬਸਾਈਟ:gnestudy.info

ਜੇ ਸੰਭਵ ਹੋਵੇ ਤਾਂ ਕਿਰਪਾ ਕਰਕੇ ਆਪਣਾ ਹਵਾਲਾ ਨੰਬਰ / ਵਿਲੱਖਣ ਲੌਗਇਨ ਕੋਡ ਆਪਣੇ ਕੋਲ ਰੱਖੋ।